بِسْمِ اللّٰهِ الرَّحْمٰنِ الرَّحِيْمِ نَحْمَدُهٗ وَنُصَلِّیْ عَلٰی رَسُوْلِهِ الْكَرِيْمِ وَعَلٰی عَبْدِهِ الْمَسِيْحِ الْمَوْعُوْدِ

لَا اِلٰهَ اِلَّا اللّٰهُ مُحَمَّدٌ رَّسُوْلُ اللّٰهِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਜਮਾਅਤੇ ਅਹਮਦੀਆ ਉੱਤੇ ਹੋਣ ਵਾਲਿਆਂ ਰੱਬੀ ਮਿਹਰਾਂ ਦਾ ਜ਼ਿਕਰ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖ਼ਾਮਿਸ**
**ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 11 ਅਗਸਤ 2023 ਮਸਜਿਦ ਮੁਬਾਰਕ,ਇਸਲਾਮਾਬਾਦ, ਟਿਲਫੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁਦੱ, ਤਾਊਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਰੱਬੀ ਵਚਨ ਅਨੁਸਾਰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਸੱਚੇ ਗ਼ੁਲਾਮ ਦੀ ਜਮਾਅਤ ਉੱਤੇ ਹਰ ਦਿਨ ਰੱਬੀ ਮਿਹਰਾਂ ਦੀ ਮੀਂਹ ਹੁੰਦੀ ਹੈ। ਉਸ ਦਾ ਜ਼ਿਕਰ ਜਲਸੇ ਦੀ ਰਿਪੋਰਠ ਵਿਚੱ ਹੁੰਦਾ ਹੈ। ਪਰ ਸਭ ਕੁਝੱ ਬਿਆਨ ਨਹੀਂ ਹੋ ਸਕਦਾ। ਉਹਨਾਂ ਵਿੱਚੋਂ ਕੁਝੱ ਅਜੱ ਬਿਆਨ ਕਰਾਂਗਾ।

ਕੰਸ਼ਾਸਾ ਦੇ ਲੋਕਲ ਮਿਸ਼ਨਰੀ ਹਮੀਦ ਸਾਹਿਬ ਲਿਖੱਦੇ ਹਨ ਕਿ ਵੈਰਾ ਸ਼ਹਿਰ ਵਿਚੱ ਸਾਡਾ ਰੈਡਿਓ ਪ੍ਰੋਗਰਾਮ ਸੁਣ ਕੇ ਮਸਜਿਦ ਦੇ ਈਮਾਮ ਈਸਾ ਸਾਹਿਬ ਨੇ ਜਮਾਅਤ ਬਾਰੇ ਪਤਾ ਕੀਤਾ ਅਤੇ ਮਿਸ਼ਨ ਹਾਊਸ ਆਏ। ਜਮਾਅਤ ਦੇ ਸੰਦੇਸ਼ ਨੂੰ ਸਮਝਿਆ ਅਤੇ ਬੈਅਤ ਕੀਤੀ। ਫ਼ਿਰ ਆਪਣੇ ਪਿੰਡ ਜਾ ਕੇ ਪ੍ਰਚਾਰ ਕੀਤਾ ਅਤੇ 24 ਵਿਅਕਤੀ ਜਮਾਅਤ ਵਿਚੱ ਦਾਖ਼ਲ ਹੋ ਗਏ। ਬਾਦ ਵਿਚੱ ਸਾਡੇ ਮੁਬਲਿਗ਼ ਨੇ ਉਸ ਪਿੰਡ ਦਾ ਦੌਰਾ ਕੀਤਾ ਅਤੇ ਹੋਰ 08 ਵਿਅਕਤੀ ਜਮਾਅਤ ਵਿਚੱ ਦਾਖ਼ਲ ਹੋ ਗਏ। ਇੰਝ ਉੱਥੇ ਨਵੀਂ ਜਮਾਅਤ ਕਾਯਮ ਹੋ ਗਈ।

ਕੰਸ਼ਾਸਾ ਦੇ ਇਕੱ ਸੂਬੇ ਮਾਇਨ ਦੋਮਬੇ ਦੇ ਇਕੱ ਪਿੰਡ ਵਿਚੱ ਮੁਅਲਿਮ ਉਮਰ ਮੁਨਵਰ ਸਾਹਿਬ ਨੂੰ ਪ੍ਰਚਾਰ ਲਈ ਭੇਕਿਆ ਗਿਆ। ਉੱਥੇ ਉਹਨਾਂ ਨੇ ਲੀਫ਼ਲੈਟਸ ਵੰਡੇ। ਜਿਸ ਦੌਰਾਨ ਕੁਝੱ ਸ਼ਰਾਰਤੀਆਂ ਨੇ ਪਥੱਰ ਮਾਰੇ ਅਤੇ ਰੌਲਾ ਪਾਇਆ। ਮੁਅਲਿਮ ਸਾਹਿਬ ਪਥੱਰਾਂ ਤੋਂ ਬਚਦੇ ਹੋਏ ਪ੍ਰਚਾਰ ਕਰਦੇ ਰਹੇ। ਲੋਕ ਉਹਨਾਂ ਦੇ ਸਬਰ-ਸੰਤੋਖ ਤੋਂ ਬਹੁਤ ਪ੍ਰਭਾਵਿਤ ਹੋਏ। ਉੱਥੇ ਦੀ ਮਸਜਿਦ ਵਿਚੱ ਜਾ ਕੇ ਉਹਨਾਂ ਨੇ ਲੋਕਾਂ ਦੇ ਸਵਾਲਾਂ ਦੇ ਤਸਲੀ ਬਖ਼ਸ਼ ਉਤੱਰ ਦਿੱਤੇ। 40-42 ਵਿਅਕਤੀਆਂ ਨੇ ਜਮਾਅਤ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ ਬੈਅਤ ਕੀਤੀ ਅਤੇ ਨਵੀਂ ਜਮਾਅਤ ਕਾਯਮ ਹੋ ਗਈ।

ਗਿਨੀ ਬਸਾਓ ਦੇ ਈਮਾਮ ਤਮਾਨੇ ਕਹਿੰਦੇ ਹਨ ਕਿ ਅਜੱ ਤਕੱ ਅਸੀਂ ਜਮਾਅਤ ਬਾਰੇ ਇਹੀ ਸੁਣਿਆ ਸੀ ਕਿ ਆਪ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਅਤੇ ਕੁਰਆਨ ਅਤੇ ਹਦੀਸ ਨੂੰ ਨਹੀਂ ਮੰਨਦੇ। ਅਜੱ

ਅਸੀਂ ਜਲਸੇ ਵਿਚੱ ਖ਼ਲੀਫ਼ਾ ਨੂੰ ਵੇਖਿਆ ਅਤੇ ਸੁਣਿਆ। ਉਨਾਂ ਨੇ ਰਬੱ, ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਅਤੇ ਕੁਰਆਨ ਅਤੇ ਹਦੀਸ ਦੀ ਨਸੀਹਤਾਂ ਫ਼ਰਮਾਇਆ ਹਨ। ਮੈਨੂੰ ਯਕੀਨ ਹੋ ਗਿਆ ਹੈ ਕਿ ਜਮਾਅਤ ਦੇ ਖ਼ਿਲਾਫ਼ ਝੂੱਠਾ ਰੌਲ੍ਹਾ ਪੈ ਰਿਹਾ ਹੈ ਅਤੇ ਝੂੱਠਾ ਰੋਲ੍ਹਾ ਸਦਾ ਰੱਬੀ ਜਮਾਅਤਾਂ ਦੇ ਖ਼ਿਲਾਫ਼ ਹੁੰਦਾ ਹੈ। ਇਸ ਲਈ ਮੈਂ ਅਜੱ ਤੋਂ ਜਮਾਅਤ ਵਿਚੱ ਦਾਖ਼ਲ ਹੁੰਦਾ ਹਾਂ।

ਬਰੋਨਡੀ ਦੇ ਇਕੱ ਕਸਬੇ ਵਿਚੱ ਸੁੱਨੀ ਮਸਜਿਦ ਦੇ ਈਮਾਮ ਨੇ ਬਹੁਤ ਕੋਸ਼ਿਸ਼ ਕੀਤੀ ਕਿ ਜਮਾਅਤ ਦੀ ਮਸਜਿਦ ਨੂੰ ਬੰਦ ਕਰਵਾਇਆ ਜਾਵੇ। ਪਰ ਉਸ ਦੀ ਇਕੱ ਨ ਚਲੀ। ਸਾਡੇ ਮੁਅਲਿਮ ਸਾਹਿਬ ਨੂੰ ਸਦਿੱਆ ਅਤੇ ਵਫ਼ਾਤੇ ਮਸੀਹ ਬਾਰੇ ਬਹਿਸ ਸ਼ੁਰੂ ਕਰ ਦਿੱਤੀ। ਸਾਡੇ ਮੁਅਲਿਮ ਨੇ ਜਦੱ ਦਲੀਲਾਂ ਦਿੱਤੀਆਂ ਤਾਂ ਉਹਨਾਂ ਤੋਂ ਕੋਈ ਉਤੱਰ ਨ ਬਣਿਆ ਅਤੇ ਜਮਾਅਤ ਉੱਤੇ ਕੁਫ਼ਰ ਦਾ ਫ਼ਤਵਾ ਲਾ ਦਿੱਤਾ। ਉਨਾਂ ਦੇ ਇਕੱ ਵਿਅਕਤੀ ਨੇ ਕਿਹਾ ਕਿ ਜਮਾਅਤ ਦਾ ਇਸਲਾਮ ਸਮਝ ਆਉਂਦਾ ਹੈ। ਪਰ ਆਪ ਦਾ ਨਹੀਂ। ਆਪਸ ਵਿਚੱ ਹੀ ਉਹਨਾਂ ਦੀ ਲੜਾਈ ਹੋ ਗਈ ਅਤੇ ਸਰਕਾਰ ਨੇ ਤਿੰਨ ਮਹੀਨੇ ਲਈ ਉਹਨਾਂ ਦੀ ਮਸਜਿਦ ਨੂੰ ਬੰਦ ਕਰ ਦਿੱਤਾ। ਹੁਣ ਇਹ ਢੰਗ ਮੁੱਲਾ ਪਾਕਿਸਤਾਨ ਵਾਂਗ ਹਰ ਥਾਂ ਵਰਤ ਰਿਹਾ ਹੈ ਕਿ ਅਹਮਦੀ ਮਸਜਿਦਾਂ ਬੰਦ ਕਰਵਾਓ ਜਾਂ ਮਿਨਾਰ ਅਤੇ ਮਿਹਰਾਬਾਂ ਡਿੱਗਾ ਦਿਓ। ਜਦੱ ਕਿ ਪਾਕਿਸਤਾਨ ਦੇ ਕਿਸੇ ਕਾਨੂੰਨ ਵਿਚੱ ਨਹੀਂ ਲਿਖਿੱਆ ਕਿ ਅਹਮਦੀਆਂ ਨੂੰ ਮਿਨਾਰ ਬਣਾਉਣ ਦੀ ਆਗਿਆ ਨਹੀਂ ਹੈ। ਪਰ ਸਰਕਾਰ ਉਹਨਾਂ ਮੌਲਵੀਆਂ ਦੇ ਸਾਮ੍ਹਣੇ ਗੋਡੇ ਟੇਕਣ ਉੱਤੇ ਮਜਬੂਰ ਹੈ ਅਤੇ ਇਹ ਮੌਲਵੀ ਨੁਕਸਾਨ ਪਹੁੰਚਾਉਣ ਦੀ ਆਪਣੀ ਪੂਰੀ ਕੋਸ਼ਿਸ਼ ਕਰ ਰਹੇ ਹਨ। ਪਰ ਇੰਸ਼ਾ-ਅੱਲਾਹ ਇਕੱ ਦਿਨ ਇਹ ਆਪ ਹੀ ਸਭ ਮਰ ਜਾਣਗੇ।

ਪਾਕਿਸਤਾਨ ਵਿਚੱ ਸਾਡੇ ਕੁਰਆਨ ਛਾਪਣ ਉੱਤੇ ਪਾਬੰਦੀ ਹੈ। ਅਨੁਵਾਦ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਕੁਝੱ ਲੋਕਾਂ ਉੱਤੇ ਅਜਿਹੇ ਕੇਸ ਦਰਜ ਹੁੰਦੇ ਹਨ ਕਿ ਤੁਸੀਂ ਕੁਰਆਨ ਕਿਉਂ ਸੁਣ ਰਹੇ ਸਨ। ਇਹ ਨਾਂ ਦੇ ਮੁਸਲਮਾਨਾਂ ਦਾ ਇਸਲਾਮ ਹੈ। ਉਸ ਦੇ ਮੁਕਾਬਲੇ ਉੱਤੇ ਰਬੱ ਸਾਡੇ ਲਈ ਰਾਹ ਖੋਲ ਰਿਹਾ ਹੈ। ਤੰਜ਼ਾਨੀਆ ਦੇ ਇਕੱ ਮੁਅਲਿਮ ਸਾਹਿਬ ਨੇ ਦਸਿੱਆ ਕਿ 30 ਕਿੱਲੋ ਮੀਟਰ ਦੂਰ ਤੋਂ ਇਕੱ ਵਿਅਕਤੀ ਦਾ ਫ਼ੋਨ ਆਇਆ ਕਿ ਉਹ ਕੁਰਆਨੇ ਕਰੀਮ ਦਾ ਸੁਵੈਹਲੀ ਅਨੁਵਾਦ ਖ਼ਰੀਦਣਾ ਚਾਹੁੰਦੇ ਹਨ। ਉਸ ਨੂੰ ਦਸਿੱਆ ਗਿਆ ਕਿ ਉਹਨਾਂ ਦੇ ਇਲਾਕੇ ਵਿਚੱ ਮਿਲ ਜਾਂਦਾ ਹੈ। ਪਰ ਉਸ ਨੇ ਕਿਹਾ ਕਿ ਮੈਨੂੰ ਜਮਾਅਤ ਦਾ ਅਨੁਵਾਦ ਅਤੇ ਵਿਆਖਿਆ ਪਸੰਦ ਹੈ ਅਤੇ ਇਹੀ ਚਾਹੀਦਾ ਹੈ।

ਪਛੱਮੀ ਦੂਨੀਆਂ ਵਿਚੱ ਵੀ ਕੁਝੱ ਦੇਸ਼ ਜਿਵੇਂ ਸੁਵੈਡਨ ਅਤੇ ਡੈਨਮਾਰਕ ਆਦਿ ਵਿਚੱ ਕੁਰਆਨੇ ਕਰੀਮ ਦੀ ਬੇਇਜ਼ੱਤੀ ਕੀਤੀ ਜਾ ਰਹੀ ਹੈ। ਅਜੱ ਜਮਾਅਤੇ ਅਹਮਦੀਆ ਹੀ ਕੁਰਆਨੇ ਕਰੀਮ ਦੀ ਪਧੱਵੀ ਨੂੰ ਉੱਚਾ ਕਰਨ ਅਤੇ ਉਸ ਦੀ ਸਿਖਿੱਆ ਫ਼ੈਲਾਉਣ ਲਈ ਤਤਪਰ ਹੈ।

ਕੁਰਆਨੇ ਕਰੀਮ ਦੇ ਪ੍ਰਕਾਸ਼ਨ ਅਤੇ ਇਸਲਾਮੀ ਸਿਖਿੱਆਵਾਂ ਉੱਤੇ ਲਿਟਰੈਚਰ ਦਾ ਲੋਕਾਂ ਉੱਤੇ ਕਿਵੇਂ ਪ੍ਰਭਾਵ ਪੈਂਦਾ ਹੈ। ਇਸ ਬਾਰੇ ਵੀ ਬਿਆਨ ਕਰਾਂਗਾ। ਗੋਲਾਘਾਟ ਪੁਸਤਕ ਮੈਲੇ ਦੇ ਮੌਕੇ ਉੱਤੇ ਇਕੱ ਮੁਸਲਮਾਨ ਪ੍ਰੋਫ਼ੈਸਰ ਸ਼ਬਾਨਾ ਯਾਸਮੀਨ ਸਾਹਿਬਾ ਨੇ ਜਦੱ ਸਾਡੇ ਸਟਾਲ ਨੂੰ ਵੇਖਿਆ ਤਾਂ ਬਹੁਤ ਖ਼ੁਸ਼ ਹੋਈ ਅਤੇ ਸਿੱਧਾ

ਆ ਕੇ ਕੁਰਆਨੇ ਕਰੀਮ ਦਾ ਅਸਾਮੀ ਅਨੁਵਾਦ ਚੁਕਿੱਆ ਅਤੇ ਆਪਣੇ ਸਾਥੀ ਪ੍ਰੋਫ਼ੈਸਰ ਸਾਹਿਬ ਨੂੰ ਕਹਿਣ ਲੱਗੀ ਕਿ ਅਜੱ ਮੇਰਾ ਇਹ ਸੁਪਨਾ ਪੂਰਾ ਹੋ ਗਿਆ ਹੈ। ਮੈਂ ਇਕੱ ਲੰਮੇ ਸਮੇਂ ਤੋਂ ਕੁਰਆਨੇ ਕਰੀਮ ਦੇ ਅਸਾਮੀ ਅਨੁਵਾਦ ਦੀ ਖੋਜ ਵਿਚੱ ਸੀ। ਮੇਰੇ ਇਕੱ ਉਸਤਾਦ ਸਨ। ਜਿਨਾਂ ਨੇ ਬਾਰ ਬਾਰ ਮੈਥੋਂ ਕੁਰਆਨੇ ਕਰੀਮ ਦੇ ਅਸਾਮੀ ਅਨੁਵਾਦ ਦੀ ਮੰਗ ਕੀਤੀ ਸੀ। ਪਰ ਮੇਰੇ ਕੋਲ੍ਹ ਕੁਰਆਨੇ ਕਰੀਮ ਦਾ ਅਸਾਮੀ ਅਨੁਵਾਦ ਨ ਹੋਣ ਕਰਕੇ ਉਹਨਾਂ ਨੂੰ ਨ ਦੇ ਸਕੀ। ਇਸ ਕਰਕੇ ਮੈਨੂੰ ਬਹੁਤ ਸ਼ਰਮਿੰਦਗੀ ਹੁੰਦੀ ਸੀ ਅਤੇ ਆਪਣੇ ਮੁਸਲਮਾਨ ਹੋਣ ਉੱਤੇ ਅਫ਼ਸੋਸ ਸੀ। ਮੇਰੇ ਉਸਤਾਦ ਦੀ ਮੌਤ ਦੇ ਬਾਦ ਅਜੱ ਮੈਨੂੰ ਇਹ ਕੁਰਆਨੇ ਕਰੀਮ ਮਿਲਿਆ ਹੈ।

ਧੀਮਾ ਜੀ ਪੁਸਤਕ ਮੈਲੇ ਵਿਚੱ ਇਕੱ ਹਿੰਦੂ ਔਰਤ ਦੋ ਵਾਰ ਆਈ। ਇਹ ਸ਼ਿਵਾਲਕ ਮੰਦਰ ਬਣਾ ਰਹੀ ਹੈ ਅਤੇ ਉਸ ਦਾ ਪ੍ਰਚਾਰ ਕਰਦੀ ਹੈ। ਜਦੱ ਉਸ ਨੇ ਸਾਡੇ ਬੁਕੱ ਸਟਾਲ ਨੂੰ ਵੇਖਿਆ ਤਾਂ ਹੈਰਾਨ ਰਹਿ ਗਈ ਕਿ ਇਸ ਇਲਾਕੇ ਵਿਚੱ ਜਿੱਥੇ ਮੁਸਲਮਾਨਾਂ ਦੀ ਆਬਾਦੀ ਬਹੁਤ ਘਟੱ ਹੈ। ਉੱਥੇ ਇਕੱ ਇਸਲਾਮੀ ਸਟਾਲ ਲਗਿੱਆ ਹੈ। ਉਸ ਨੇ ਸਾਡੇ ਸਟਾਲ ਉੱਤੇ ਆ ਕੇ ਵਿਚਾਰ ਵਟਾਂਦਰਾ ਕੀਤਾ। ਬਹੁਤ ਖ਼ੁਸ਼ ਹੋ ਕੇ ਵਾਪਸ ਗਈ ਅਤੇ ਅਗੱਲੇ ਦਿਨ ਫ਼ਿਰ ਵਾਪਸ ਆਈ। ਸਟਾਲ ਵਿਚੱ ਮੌਜੂਦ ਸਾਰੇ ਲੋਕਾਂ ਲਈ ਫ਼ਲ ਆਦਿ ਲਾਈ ਅਤੇ ਕੁਰਆਨੇ ਕਰੀਮ ਨੂੰ ਵੇਖ ਕੇ ਬਹੁਤ ਖ਼ੁਸ਼ ਹੋਈ। ਉਸ ਨੇ ਕੁਰਆਨੇ ਕਰੀਮ ਲੈਂਦੇ ਹੋਏ ਇਹ ਕਿਹਾ ਕਿ ਅਜੱ ਮੇਰੇ ਜੀਵਨ ਦਾ ਇਕੱ ਸੁਪਨਾ ਆਪ ਨੇ ਪੂਰਾ ਕਰ ਦਿੱਤਾ ਹੈ।

ਅੰਤਿਮ ਰੱਬੀ ਕਿਤਾਬ ਕੁਰਆਨੇ ਕਰੀਮ ਜਿਸ ਦੇ ਪੜਣ, ਸੁਣਨ, ਰਖੱਣ ਦੀ ਵੀ ਪਾਕਿਸਤਾਨ ਵਿਚੱ ਅਹਮਦੀਆਂ ਨੂੰ ਮਨਾਹੀ ਹੈ ਅਤੇ ਇਕੱ ਬਹੁਤ ਵੱਡਾ ਜੁਰਮ ਹੈ। ਉਹੀ ਕਿਤਾਬ ਹੈ, ਜਿਸ ਰਾਹੀਂ ਜਮਾਅਤੇ ਅਹਮਦੀਆ ਸੰਸਾਰ ਵਿਚੱ ਇਸਲਾਮ ਦਾ ਸੰਦੇਸ਼ ਪਹੁੰਚਾ ਰਹੀ ਹੈ ਅਤੇ ਸੰਸਾਰ ਦਾ ਸੁਧਾਰ ਕਰ ਰਹੀ ਹੈ। ਮਾਈਕਰੋਨੈਸ਼ੀਆ ਦੇ ਮੁਬਲਿਗ਼ ਸ਼ਰਜੀਲ ਸਾਹਿਬ ਕਹਿੰਦੇ ਹਨ। ਕੁਝੱ ਸਮੇਂ ਪਹਿਲਾਂ ਇਕੱ ਵਿਅਕਤੀ ਸਾਈਮਨ ਗੈਡਨ ਨੇ ਕੁਰਆਨੇ ਕਰੀਮ ਦਾ ਨੁਸਖ਼ਾ ਪ੍ਰਾਪਤ ਕੀਤਾ। ਕੁਝੱ ਸਮਾਂ ਲੰਘਣ ਮਗਰੋਂ ਇਕੱ ਦਿਨ ਅਚਾਨਕ ਉਹਨਾਂ ਦਾ ਮੈਸਿਜ ਆਇਆ ਕਿ ਮੈਂ ਮਿਲਣਾ ਚਾਹੁੰਣਾ। ਜਦੱ ਮਸਜਿਦ ਆਏ ਤਾਂ ਕਹਿਣ ਲੱਗੇ ਕਿ ਪੂਰਾ ਜੀਵਨ ਬਾਈਬਲ ਨੂੰ ਬਹੁਤ ਵਿਆਖਿਆ ਨਾਲ ਮੈਂ ਪੜਿਆ ਹੈ। ਪਰ ਕੋਸ਼ਿਸ਼ ਦੇ ਬਾਦ ਵੀ ਉਸ ਦੀ ਸਿਖਿੱਆ ਦਿਲ ਵਿਚੱ ਨਹੀਂ ਬਹਿੰਦੀ। ਸਮਝ ਨਹੀਂ ਆਈ ਕੁਝੱ ਵੀ। ਪਰ ਜਦੋਂ ਤੋਂ ਕੁਰਆਨੇ ਕਰੀਮ ਪੜਣਾ ਸ਼ੁਰੂ ਕੀਤਾ ਤਾਂ ਇੰਝ ਲਗਿੱਆ ਕਿ ਉਸ ਦਾ ਹਰ ਸ਼ਬਦ ਦਿਲ ਵਿਚੱ ਸਿੱਧਾ ਦਾਖ਼ਲ ਹੋ ਰਿਹਾ ਹੈ। ਉਹ ਇਸ ਗਲੱ੍ਹ ਉੱਤੇ ਹੈਰਾਨ ਸਨ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਮੈਂ ਸਾਰਾ ਜੀਵਨ ਗ਼ਲਤੀ ਉੱਤੇ ਸੀ ਅਤੇ ਕੁਰਆਨੇ ਕਰੀਮ ਦੀ ਸਿਖਿੱਆ ਤੋਂ ਵਾਂਝਾ ਰਿਹਾ। ਹੁਣ ਸ਼੍ਰੀਮਾਨ ਨ ਕੇਵਲ ਜਮਾਅਤ ਵਿਚੱ ਦਾਖ਼ਲ ਹੋ ਗਏ ਹਨ। ਸਗੋਂ ਵੱਡੀ ਦਲੇਰੀ ਨਾਲ ਇਸਲਾਮ ਦੀ ਸਿਖਿੱਆ ਦਾ ਪ੍ਰਚਾਰ ਕਰਦੇ ਹਨ।

ਬਰਕੀਨਾ ਫ਼ਾਸੋ ਮਹਦੀ ਆਬਾਦ ਦੇ ਸਈਦ ਵਜੀਕਾ ਸਾਹਿਬ ਬਿਆਨ ਕਰਦੇ ਹਨ ਕਿ ਜਦੱ ਸਾਡੇ ਪਿੰਡ ਵਾਲਿਆਂ ਨੇ ਅਹਮਦੀਅਤ ਕਬੂਲ ਕਰ ਲਈ ਤਾਂ ਸਾਡੇ ਇਕੱ ਰਿਸ਼ਤੇਦਾਰ ਨੇ ਸਾਨੂੰ ਸਊਦੀ ਅਰਬ ਸਦਿੱਆ ਅਤੇ ਖ਼ਾਨਾ ਕਾਅਬਾ ਵਿਖਾ ਕੇ ਕਿਹਾ ਕਿ ਵਹਾਬੀ ਬਣ ਜਾਓ, ਅਹਮਦੀਅਤ ਛਡੱ ਦਿਓ। ਮੈਂ ਕਿਹਾ

ਇਸ ਪਵਿਤੱਰ ਸਥਲ ਹੇਠਾਂ ਖੜਾ ਹੋ ਕੇ ਦੂਆ ਕਰਨਾ ਕਿ ਮੇਰੀ ਜ਼ਿੰਦਗੀ ਵਿਚੱ ਕੋਈ ਅਜਿਹਾ ਮੌਕਾ ਨ ਆਏ ਕਿ ਮੈਨੂੰ ਅਹਮਦੀਅਤ ਛਡੱਣੀ ਪਏ । ਰਬੱ ਮੈਨੂੰ ਉਸ ਤੋਂ ਪਹਿਲਾਂ ਈਮਾਨ ਦੀ ਹਾਲਤ ਵਿਚੱ ਮੌਤ ਦੇਵੇ । ਉਹਨਾਂ ਦਾ ਰਿਸ਼ਤੇਦਾਰ ਬਰਕੀਨਾ ਫ਼ਾਸੋ ਮਿਲਣ ਆਇਆ ਤਾਂ ਹਾਜੀ ਇਬਰਾਹੀਮ ਸਾਹਿਬ ਨੇ ਪ੍ਰਚਾਰ ਕੀਤਾ ਅਤੇ ਉਹ ਅਹਮਦੀ ਹੋ ਗਿਆ ।

ਨਾਈਜੈਰੀਆ ਦੇ ਇਕੱ ਵਸਨੀਕ ਨੂੰ ਅਹਮਦੀਅਤ ਕਬੂਲ ਕਰਨ ਦੀ ਤੌਂਫ਼ੀਕ ਮਿਲੀ । ਇਸ ਤੋਂ ਪਹਿਲਾਂ ਉਹ ਵਿਰੋਧੀਆਂ ਦੇ ਸਰਗਰਮ ਮੈਂਬਰ ਸਨ । ਅਹਮਦੀਅਤ ਕਬੂਲ ਕਰਨ ਦੇ ਬਾਦ ਉਹਨਾਂ ਨੂੰ ਸਖ਼ਤ ਵਿਰੋਧਤਾ ਦਾ ਸਾਮ੍ਹਣਾ ਕਰਨਾ ਪਿਆ । ਇਕੱ ਦਿਨ ਜਦੱ ਉਹ ਖੇਤਾਂ ਵਿਚੱ ਕੰਮ ਕਰ ਰਹੇ ਸਨ ਤਾਂ ਸਖ਼ਤ ਹਨ੍ਹੇਰੀ ਆਈ । ਉਦੋਂ ਵਿਰੋਧੀਆਂ ਦੀ ਇਹ ਗਲੱ ਦਿਮਾਗ਼ ਵਿਚੱ ਆਈ ਕਿ ਇਕੱ ਦਿਨ ਤੂੰ ਕੰਮ ਤੋਂ ਵਾਪਸ ਆਵੇਗਾ ਤਾਂ ਆਪਣਾ ਘਰ ਤਬਾਹ ਬਰਬਾਦ ਵੇਖੇਗਾ । ਤਦੱ ਉਹਨਾਂ ਨੇ ਦੂਆ ਕੀਤੀ ਕਿ ਹੇ ਰੱਬਾ ! ਜੇਕਰ ਜਮਾਅਤ ਤੇਰੀ ਜਮਾਅਤ ਹੈ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਉਹੀ ਮੌਊਦ ਮਹਦੀ ਹਨ । ਜਿਨ੍ਹਾਂ ਦੀ ਭਵਿਖੱਬਾਣੀ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਕੀਤੀ ਸੀ ਤਾਂ ਮੇਰਾ ਘਰ ਡਿਗੱਣ ਨ ਦੇਈਂ ਵਾਪਸ ਆਇਆ ਤਾਂ ਘਰ ਦਾ ਹਰ ਕਮਰਾ ਠੀਕ ਸੀ । ਕਿਸੇ ਕਿਸਮ ਦਾ ਨੁਕਸਾਨ ਨਹੀਂ ਹੋਇਆ ਸੀ । ਜਦੱ ਕਿ ਆਂਡ ਗੁਆਂਡ ਦੇ ਸਾਰੇ ਘਰ ਤਬਾਹ ਹੋ ਗਏ ਸਨ । ਉਨਾਂ ਨੂੰ ਯਕੀਨ ਹੋ ਗਿਆ ਕਿ ਇਹ ਇਕੱ ਰੱਬੀ ਜਮਾਅਤ ਹੈ ।

ਸੰਸਾਰ ਦੇ ਵੱਖੋ ਵਖੱ ਥਾਵਾਂ ਉੱਤੇ ਰਬੱ ਦੀ ਮਦਦ ਹਜ਼ਰਤ ਮਸੀਹ ਮੋਊਦ ਅਲੈਹਿ ਸਲਾਮ ਨਾਲ ਨਜ਼ਰ ਆਉਂਦੀ ਹੈ । ਜਿਨਾਂ ਨੇ ਸਾਨੂੰ ਹਕੀਕੀ ਇਸਲਾਮ ਦੀ ਸਿਖਿੱਆ ਦਿੱਤੀ । ਇਹ ਕਿੱਸੇ ਅਹਮਦੀਅਤ ਦੀ ਸੱਚਾਈ ਦੀ ਦਲੀਲ ਹਨ ਅਤੇ ਲੋਕਾ ਦੇ ਵਿਸ਼ਵਾਸ ਨੂੰ ਦਰਿੜ ਕਰ ਰਹੇ ਹਨ । ਰਬੱ ਸੰਸਾਰ ਦੀ ਵੀ ਨਜ਼ਰਾਂ ਖੋਲੇ ਅਤੇ ਵਿਸ਼ਵਾਸ ਅਤੇ ਯਕੀਨ ਨੂੰ ਕਬੂਲ ਕਰਨ ਦੀ ਤੌਂਫ਼ੀਕ ਬਖ਼ਸ਼ੇ ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਇਹਨਾਂ ਦਿਨਾਂ ਵਿਚੱ ਕੋਵਿਡ ਦੀ ਮੁੜ ਹਵਾ ਫ਼ੈਲ੍ਹ ਰਹੀ ਹੈ । ਲੋਕਾਂ ਨੂੰ ਧਿਆਨ ਰਖੱਣਾ ਚਾਹੀਦਾ ।

ਹਜ਼ੂਰੇ ਅਨਵਰ ਨੇ ਖ਼ੁਤਬਾ ਜੁਮਆ ਦੇ ਅੰਤ ਉੱਤੇ 04 ਸਵਰਗਵਾਸੀਆਂ ਦਾ ਜ਼ਿਕਰ ਫ਼ਰਮਾਇਆ ਅਤੇ ਜੁਮਏ ਦੀ ਨਮਾਜ਼ ਦੇ ਬਾਦ ਉਹਨਾਂ ਦੀ ਨਮਾਜ਼ ਜਨਾਜ਼ਾ ਗਾਇਬ ਪੜ੍ਹਣ ਦਾ ਵੀ ਐਲਾਨ ਫ਼ਰਮਾਇਆ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ أَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔